
ਇਕਾਈ -2

# ਸਾਡੇ ਆਲ਼ੇ-ਦੁਆਲ਼ੇ ਦਾ ਜੀਵਨ

## ਇਕਾਈ ਬਾਰੇ

ਪ੍ਰਕਿਰਤੀ ਕਈ ਪ੍ਰਕਾਰ ਦੇ ਪੌਦਿਆਂ, ਪਸ਼ੂਆਂ ਅਤੇ ਕੀੜੇ-ਮਕੌੜਿਆਂ ਦਾ ਘਰ ਹੈ, ਜੋ ਸਾਡੇ ਸੰਸਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਨਿਰੀਖਣ ਅਤੇ ਦਸਤੀ ਗਤੀਵਿਧੀਆਂ ਰਾਹੀਂ, ਵਿਦਿਆਰਥੀ ਵੱਖ-ਵੱਖ ਪੌਦਿਆਂ ਅਤੇ ਜਾਨਵਰਾਂ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਦੀ ਪੜਚੋਲ ਕਰਨਗੇ, ਉਹਨਾਂ ਦੀ ਆਪਸੀ ਨਿਰਭਰਤਾ ਨੂੰ ਸਮਝਣਗੇ, ਅਤੇ ਵਾਤਾਵਰਨ ਲਈ ਡੂੰਘੀ ਕਦਰ ਪੈਦਾ ਕਰਨਗੇ। ਨਿਰੀਖਣ ਅਤੇ ਅਨੁਭਵ ਰਾਹੀਂ, ਵਿਦਿਆਰਥੀ 'ਵਸੁਧੈਵ ਕੁਟੁੰਬਕਮ' —ਜਿਸ ਦਾ ਅਰਥ ਹੈ ਦੁਨੀਆ ਇੱਕ ਪਰਿਵਾਰ ਹੈ, ਦੀ ਭਾਵਨਾ ਆਪਣੇ ਅੰਦਰ ਵਸਾ ਲੈਣਗੇ।

ਇਹ ਅਧਿਆਇ ਕੁਦਰਤ ਅਤੇ ਸੱਭਿਆਚਾਰ ਵਿਚਕਾਰਲੇ ਸੰਬੰਧਾਂ ਨੂੰ ਉਜਾਗਰ ਕਰਦਾ ਹੈ। ਇਹ ਦੱਸਦਾ ਹੈ ਕਿ ਰਵਾਇਤੀ ਰੀਤੀ-ਰਿਵਾਜ ਕੁਦਰਤ ਦੇ ਵੱਖ-ਵੱਖ ਪੱਖਾਂ ਨਾਲ਼ ਕਿਵੇਂ ਜੁੜੇ ਹੋਏ ਹਨ। ਪੌਦਿਆਂ ਅਤੇ ਜਾਨਵਰਾਂ ਬਾਰੇ ਪੜ੍ਹਾਈ ਤੋਂ ਲੈ ਕੇ ਆਦਿ-ਵਾਸੀ ਕਲਾ ਅਤੇ ਔਸ਼ਧੀ ਪੌਦਿਆਂ ਦੀ ਖੋਜ ਤੱਕ, ਵਿਦਿਆਰਥੀ ਅਜਿਹੀਆਂ ਮਹੱਤਵਪੂਰਨ ਗਤੀਵਿਧੀਆਂ ਵਿੱਚ ਭਾਗ ਲੈਣਗੇ, ਜੋ ਸੁਰੱਖਿਆ ਅਤੇ ਟਿਕਾਊ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦੀਆਂ ਹਨ। ਤਿਉਹਾਰਾਂ ਅਤੇ ਖੇਡਾਂ ਵਰਗੀਆਂ ਸਹਿ-ਭਾਗੀ ਗਤਿਵਿਧੀਆਂ ਰਾਹੀਂ ਵਿਦਿਆਰਥੀ ਕੁਦਰਤ ਨਾਲ਼ ਆਪਣੀ ਸਾਂਝ ਨੂੰ ਸਮਝਣਗੇ ਅਤੇ ਕੁਦਰਤ ਦੀ ਰੱਖਿਆ ਵਿੱਚ ਆਪਣੀ ਭੂਮਿਕਾ ਨੂੰ ਜਾਣਨਗੇ।



© NCERT not to be republished

## ਅਧਿਆਪਕ ਲਈ ਨੋਟ:


ਇਸ ਇਕਾਈ ਵਿੱਚ ਅਧਿਆਇ 3 - 'ਪ੍ਰਕਿਰਤੀ ਦੀ ਸੈਰ' ਅਤੇ ਅਧਿਆਇ 4 - ਕੁਦਰਤ ਦੀ ਗੋਦ ਵਿੱਚ ਵਧਣਾ-ਫੁੱਲਣਾ ਸ਼ਾਮਲ ਹਨ। ਇਹਨਾਂ ਅਧਿਆਵਾਂ ਵਿੱਚ ਸ਼ਾਮਲ ਮੁੱਖ ਨੁਕਤੇ ਹੇਠਾਂ ਦਿੱਤੇ ਗਏ ਹਨ।

### ਅਧਿਆਇ 3

- 'ਪ੍ਰਕਿਰਤੀ ਦੀ ਸੈਰ' ਵਿਦਿਆਰਥੀਆਂ ਨੂੰ ਆਪਣੇ ਆਲ਼ੇ-ਦੁਆਲ਼ੇ ਪੌਦਿਆਂ ਅਤੇ ਜਾਨਵਰਾਂ ਦੀਆਂ ਵੱਖ-ਵੱਖ ਕਿਸਮਾਂ ਅਤੇ ਉਹਨਾਂ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਦਾ ਅਧਿਐਨ ਕਰਨ ਲਈ ਪ੍ਰੇਰਿਤ ਕਰਦੀ ਹੈ। ਇਹ ਦਿਖਾਉਂਦਾ ਹੈ ਕਿ ਸਾਰੇ ਜਾਨਵਰ ਅਤੇ ਪੌਦੇ ਆਪਸ ਵਿੱਚ ਕਿਸ ਤਰ੍ਹਾਂ ਗਹਿਰਾਈ ਨਾਲ਼ ਜੁੜੇ ਹੋਏ ਹਨ। ਵਿਦਿਆਰਥੀ ਪੰਛੀਆਂ, ਪੱਤਿਆਂ ਅਤੇ ਜਾਨਵਰਾਂ ਦਾ ਨਿਰੀਖਣ ਕਰਨਗੇ ਅਤੇ ਕੁਦਰਤ ਤੇ ਸਮਾਜ ਵਿਚਲੀ ਆਪਸੀ ਨਿਰਭਰਤਾ ਨੂੰ ਸਮਝਣ ਲਈ 'ਜੀਵਨ-ਜਾਲ਼' ਖੇਡ ਖੇਡਣਗੇ। ਕਈ ਮਨੋਰੰਜਕ ਗਤੀਵਿਧੀਆਂ ਅਤੇ ਸੁਰੱਖਿਆ ਦੇ ਪਾਠ ਉਹਨਾਂ ਨੂੰ ਕੁਦਰਤੀ ਕਦਰ ਅਤੇ ਸਾਂਭ - ਸੰਭਾਲ਼ ਕਰਨ ਵਿੱਚ ਮਦਦ ਕਰਨਗੇ ।

### ਅਧਿਆਇ 4:

- 'ਕੁਦਰਤ ਦੀ ਗੋਦ ਵਿੱਚ ਵਧਣਾ-ਫੁੱਲਣਾ' ਦੱਸਦਾ ਹੈ ਕਿ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਕੁਦਰਤ ਤੇ ਸੱਭਿਆਚਾਰ ਕਿਵੇਂ ਗਹਿਰਾਈ ਨਾਲ਼ ਆਪਸ ਵਿੱਚ ਜੁੜੇ ਹੋਏ ਹਨ — ਖਾਣ-ਪੀਣ ਦੀਆਂ ਚੀਜ਼ਾਂ ਤੋਂ ਲੈ ਕੇ ਸਾਡੇ ਰੀਤੀ-ਰਿਵਾਜ਼ਾਂ ਤੱਕ। ਵਿਦਿਆਰਥੀ ਦਰਖ਼ਤਾਂ, ਫੁੱਲਾਂ, ਆਦਿ-ਵਾਸੀ ਕਲਾ ਅਤੇ ਔਸ਼ਧੀ ਪੌਦਿਆਂ ਦੀਆਂ ਕੁਝ ਵਿਲੱਖਣ ਵਿਸ਼ੇਸ਼ਤਾਵਾਂ ਦੀ ਖੋਜ ਕਰਨਗੇ ਅਤੇ ਨਾਲ਼ ਹੀ ਉਹ ਟਿਕਾਊ ਜੀਵਨ ਸ਼ੈਲੀ ਦੇ ਅਰਥ ਅਤੇ ਤਰੀਕਿਆਂ ਬਾਰੇ ਵੀ ਸਿੱਖਣਗੇ। ਉਹ ਮਨੋਰੰਜਕ ਗਤਿਵਿਧੀਆਂ ਅਤੇ ਸੁਰੱਖਿਆ ਨਾਲ਼ ਸੰਬੰਧਿਤ ਪਾਠਾਂ ਰਾਹੀਂ ਵੱਖ-ਵੱਖ ਪੌਦਿਆਂ ਦੇ ਔਸ਼ਧੀ ਗੁਣਾਂ ਬਾਰੇ ਵੀ ਜਾਣਕਾਰੀ ਹਾਸਿਲ ਕਰਨਗੇ, ਜੋ ਉਹਨਾਂ ਨੂੰ ਆਪਣੇ ਵਾਤਾਵਰਨ ਦੀ ਕਦਰ ਕਰਨ ਅਤੇ ਸੰਭਾਲ਼ ਕਰਨ ਲਈ ਪ੍ਰੇਰਿਤ ਕਰਨਗੇ।





## ਅਧਿਆਪਕ ਦੀ ਭੂਮਿਕਾ

- ਅਧਿਆਪਕ ਅਤੇ ਵਿਦਿਆਰਥੀ, ਕੁਦਰਤ ਤੋਂ ਵੱਖ-ਵੱਖ ਨਮੂਨੇ ਜਿਵੇਂ ਕਿ ਪੱਤੇ, ਬੀਜ, ਫੁੱਲ ਆਦਿ ਇਕੱਠੇ ਕਰਨਗੇ ਅਤੇ ਉਹਨਾਂ ਨੂੰ ਵੱਖ-ਵੱਖ ਗਤੀਵਿਧੀਆਂ ਵਿੱਚ ਵਰਤ ਸਕਣਗੇ।
- ਪ੍ਰਕਿਰਤੀ ਦੀਆਂ ਸੈਰਾਂ, ਭੂਮਿਕਾ-ਨਿਭਾਉਣ (ਰੋਲ-ਪਲੇਅ) ਅਤੇ 'ਜੀਵਨ- ਜਾਲ਼' ਵਰਗੀਆਂ ਖੇਡਾਂ ਦਾ ਆਯੋਜਨ ਕਰਨਾ ਅਤੇ ਵਿਦਿਆਰਥੀਆਂ ਲਈ ਅਵਲੋਕਨ ਸ਼ੀਟ ਤਿਆਰ ਕਰਨਾ, ਤਾਂ ਕਿ ਉਹ ਪੰਛੀਆਂ ਦੀਆਂ ਹਲਚਲਾਂ, ਪੌਦਿਆਂ ਦੀਆਂ ਵਿਸ਼ੇਸ਼ਤਾਵਾਂ ਅਤੇ ਪੈਰਾਂ ਦੇ ਨਿਸ਼ਾਨ ਆਦਿ ਦਰਜ ਕਰ ਸਕਣ।
- ਪੱਤਿਆਂ ਦਾ ਨਕਸ਼ਾ ਉਤਾਰਨਾ ( ਲੀਫ ਟਰੇਸਿੰਗ), ਕੁਦਰਤੀ ਰੰਗ ਬਣਾਉਣਾ ਅਤੇ ਰਵਾਇਤੀ ਘਰਾਂ ਦੇ ਮਾਡਲ ਬਣਾਉਣ ਲਈ ਸਮਗਰੀ ਉਪਲਬਧ ਕਰਵਾਉਣਾ ਅਤੇ ਵਿਦਿਆਰਥੀਆਂ ਨੂੰ ਖਾਣ-ਯੋਗ ਚੀਜ਼ਾਂ ਚੁਣਨ ਵਾਲੀਆਂ ਗਤੀਵਿਧੀਆਂ ਅਤੇ ਕੁਦਰਤ ਤੋਂ ਪ੍ਰੇਰਿਤ ਕਲਾਵਾਂ ਵਿੱਚ ਮਾਰਗ-ਦਰਸ਼ਨ ਕਰਨਾ ।
- ਕੁਦਰਤੀ ਪਾਰਕਾਂ, ਖੇਤਾਂ ਜਾਂ ਪੌਦਿਆਂ ਦੀਆਂ ਨਰਸਰੀਆਂ ਦੇ ਦੌਰਿਆਂ ਦਾ ਆਯੋਜਨ ਕਰਨਾ ਜਾਂ ਸਥਾਨਕ ਭਾਈਚਾਰੇ ਤੋਂ ਮਾਹਿਰਾਂ ਜਾਂ ਕਿਸਾਨਾਂ ਨੂੰ ਵਿਦਿਆਰਥੀਆਂ ਨਾਲ਼ ਕੁਦਰਤ ਸੰਭਾਲ਼ ਅਤੇ ਪੰਪਰਾਗਤ ਤਰੀਕਿਆਂ ਬਾਰੇ ਗੱਲਬਾਤ ਕਰਨ ਲਈ ਸੱਦਾ ਦੇਣਾ।



not to be republished © NCERT



0435CH03


# 3 ਪ੍ਰਕਿਰਤੀ ਦੀ ਸੈਰ

ਕੀ ਤੁਸੀਂ ਕਦੇ ਬੋਹੜ ਦਾ ਦਰਖ਼ਤ ਵੇਖਿਆ ਹੈ, ਜਿਸ ਦੀਆਂ ਲਟਕਦੀਆਂ ਹੋਈਆਂ ਜੜ੍ਹਾਂ ਜ਼ਮੀਨ ਨੂੰ ਛੂਹ ਰਹੀਆਂ ਹੋਣ?

ਕੀ ਤੁਸੀਂ ਕਦੇ ਇੱਕ ਰੰਗਦਾਰ ਪੰਛੀ ਨੂੰ ਪਾਣੀ ਵਿੱਚ ਡੁਬਕੀ ਮਾਰਦੇ ਵੇਖਿਆ ਹੈ?

ਕੀ ਤੁਸੀਂ ਕਦੇ ਇੱਕ ਮੱਕੜੀ ਨੂੰ ਆਪਣਾ ਜਾਲ਼ਾ ਬੁਣਦੇ ਵੇਖਿਆ ਹੈ?

ਕੀ ਤੁਸੀਂ ਕਦੇ ਫੁੱਲ ਦੁਆਲ਼ੇ ਉੱਡਦੀਆਂ ਤਿਤਲੀਆਂ ਵੇਖੀਆਂ ਹਨ?






ਕੁਦਰਤ ਹੈਰਾਨ ਕਰਨ ਵਾਲ਼ੇ ਜਾਨਵਰਾਂ ਅਤੇ ਬੂਟਿਆਂ ਨਾਲ਼ ਭਰੀ ਪਈ ਹੈ। ਆਓ, ਉਹਨਾਂ ਬਾਰੇ ਜਾਣੀਏ

## ਰੋਮਾਂਚਕ ਸਫ਼ਰ ਦੀ ਸ਼ੁਰੂਆਤ

ਵਿਦਿਆਰਥੀ ਆਪਣੇ ਅਧਿਆਪਕ ਦੇ ਨਾਲ਼ ਮਿਲ਼ ਕੇ ਮੱਧ ਪ੍ਰਦੇਸ਼ ਦੇ ਪਚਮੜੀ ਖੇਤਰ ਵਿੱਚ ਪ੍ਰਕਿਰਤੀ ਦੀ ਸੈਰ ਲਈ ਤਿਆਰ ਹੋਏ।

**ਅਧਿਆਪਕ ਲਈ ਨੋਟ**
ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰੋ ਕਿ ਉਹ ਭਾਰਤ ਦੇ ਨਕਸ਼ੇ ‘ਤੇ ਮੱਧ ਪ੍ਰਦੇਸ਼ ਨੂੰ ਲੱਭਣ।

© NCERT not to be republished




ਜਿਵੇਂ ਹੀ ਉਹ ਜੰਗਲ਼ ਦੇ ਦਰਵਾਜ਼ੇ ‘ਤੇ ਪਹੁੰਚੇ, ਵਿਦਿਆਰਥੀ ਲੰਮੇ ਰੁੱਖਾਂ ਅਤੇ ਚਹਿਕਦੀਆਂ ਚਿੜੀਆਂ ਨੂੰ ਦੇਖ ਕੇ ਬਹੁਤ ਉਤਸ਼ਾਹਿਤ ਹੋਏ।

**ਆਭਾ** : ਪਚਮੜੀ ਵਿੱਚ ਤੁਹਾਡਾ ਸਵਾਗਤ ਹੈ!

**ਅਧਿਆਪਕ :** ਇਹ ਆਭਾ ਦੀਦੀ ਹਨ, ਇੱਕ ਪ੍ਰਕਿਰਤੀ ਵਿਗਿਆਨੀ ਜੋ ਬੂਟਿਆਂ ਅਤੇ ਜਾਨਵਰਾਂ ਦਾ ਅਧਿਐਨ ਕਰਦੇ ਹਨ। ਇਹ ਸਾਨੂੰ ਜੰਗਲ਼ ਦੀ ਪੜਚੋਲ ਵਿੱਚ ਮਦਦ ਕਰਨਗੇ।

**ਵਿਦਿਆਰਥੀ :** ਆਭਾ ਦੀਦੀ, ਕੀ ਅਸੀਂ ਰਾਹ ਵਿੱਚ ਬਾਂਦਰ, ਹਿਰਨ, ਸੱਪ, ਬਾਜ਼ ਅਤੇ ਸ਼ੇਰ ਵੇਖਾਂਗੇ?

**ਆਭਾ** : ਇਹੀ ਤਾਂ ਅਸੀਂ ਪਤਾ ਲਗਾਉਣਾ ਹੈ! ਸਾਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਸੀਂ ਜੰਗਲ਼ ਵਿੱਚ ਬੂਟਿਆਂ ਅਤੇ ਜਾਨਵਰਾਂ ਨੂੰ ਕੋਈ ਨੁਕਸਾਨ ਨਾ ਪਹੁੰਚਾਈਏ।



## ਲਿਖੋ

1. ਕੀ ਤੁਸੀਂ ਕੁਝ ਨਿਯਮਾਂ ਬਾਰੇ ਸੋਚ ਸਕਦੇ ਹੋ ਜੋ ਚਿੜੀਆ-ਘਰ ਜਾਂ ਜੰਗਲ਼ ਵਿੱਚ ਰਹਿੰਦਿਆਂ ਮੰਨਣੇ ਚਾਹੀਦੇ ਹਨ?

ਉਦਾਹਰਨ ਵਜੋਂ

(ਕ) ਸਾਨੂੰ ਪੰਛੀਆਂ ਨੂੰ ਦਾਣਾ ਨਹੀਂ ਪਾਉਣਾ ਚਾਹੀਦਾ।

(ਖ) .......................................

(ਗ) .......................................

(ਘ) .......................................

ਹੁਣ ਹੇਠਾਂ ਦਿੱਤੇ ਸੁਰੱਖਿਆ ਨਿਯਮਾਂ ਨੂੰ ਵੇਖੋ ਅਤੇ ਆਪਣੀ ਸੂਚੀ ਨਾਲ਼ ਮਿਲਾਓ। ਕੀ ਤੁਸੀਂ ਦਿੱਤੇ ਨਿਯਮਾਂ ਵਿੱਚੋਂ ਕੋਈ ਛੱਡ ਦਿੱਤਾ ਹੈ?

## ਸੁਰੱਖਿਆ ਨਿਯਮ



### ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ

1. ਕਿਰਪਾ ਕਰਕੇ ਨਵੇਂ ਸਥਾਨ ‘ਤੇ ਸਾਵਧਾਨ ਰਹੋ।
2. ਕਿਰਪਾ ਕਰਕੇ ਜਾਨਵਰਾਂ ਨੂੰ ਨਾ ਛੇੜੋ।
3. ਕਿਰਪਾ ਕਰਕੇ ਜਾਨਵਰਾਂ ਨੂੰ ਖਾਣਾ ਨਾ ਦਿਓ।
4. ਕਿਰਪਾ ਕਰਕੇ ਦਰਖ਼ਤਾਂ ਅਤੇ ਫੁੱਲਾਂ ਨੂੰ ਨੁਕਸਾਨ ਨਾ ਪਹੁੰਚਾਓ।
5. ਕਿਰਪਾ ਕਰਕੇ ਪਾਲਤੂ ਜਾਨਵਰ, ਬੰਦੂਕਾਂ ਜਾਂ ਕਿਸੇ ਵੀ ਕਿਸਮ ਦੇ ਹਥਿਆਰ ਨਾਲ਼ ਨਾ ਲੈ ਕੇ ਆਓ।
6. ਕਿਰਪਾ ਕਰਕੇ ਪੋਲੀਥੀਨ ਬੈਗ ਨਾ ਲਿਆਓ।
7. ਕਿਰਪਾ ਕਰਕੇ ਜਨਤਕ ਸਹੂਲਤਾਂ ਨੂੰ ਨੁਕਸਾਨ ਨਾ ਪਹੁੰਚਾਓ।
8. ਕਿਰਪਾ ਕਰਕੇ ਜੰਗਲ਼ ਵਿੱਚ ਕੂੜਾ ਨਾ ਸੁੱਟੋ।



## ਚਰਚਾ ਕਰੋ


ਇਹਨਾਂ ਨਿਯਮਾਂ ਦੀ ਪਾਲਣਾ ਕਰਨੀ ਕਿਉਂ ਜ਼ਰੂਰੀ ਹੈ?





© NCERT not to be republished

ਵਿਦਿਆਰਥੀ ਜੀਪਾਂ ‘ਚ ਬੈਠ ਗਏ। ਜਿਵੇਂ ਹੀ ਉਹ ਜੰਗਲ਼ ਵਿੱਚ ਦਾਖ਼ਲ ਹੋਏ, ਉਹਨਾਂ ਨੇ ਬੂਟਿਆਂ ਅਤੇ ਜਾਨਵਰਾਂ ਦੀਆਂ ਕਈ ਕਿਸਮਾਂ ਵੇਖੀਆਂ।



## ਗਤੀਵਿਧੀ 1



### ਜੰਗਲ਼ ਵਿੱਚ ਜਾਨਵਰ

- ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਜਾਨਵਰਾਂ ਨੂੰ ਪਛਾਣੋ। ਤੁਸੀਂ ਆਪਣੇ ਅਧਿਆਪਕ ਦੀ ਮਦਦ ਵੀ ਲੈ ਸਕਦੇ ਹੋ।
- ਉਹਨਾਂ ਨੂੰ ਦੋ ਵਰਗਾਂ ਵਿੱਚ ਵੰਡੋ:

1. ਜ਼ਮੀਨ ‘ਤੇ ਰਹਿਣ ਵਾਲ਼ੇ ਜਾਨਵਰ:

_______________________________

2. ਅਸਮਾਨ ਵਿੱਚ ਉੱਡਣ ਵਾਲ਼ੇ ਪੰਛੀ:

_______________________________



## ਲਿਖੋ

ਕੁਝ ਜਾਨਵਰਾਂ (ਪੰਛੀਆਂ ਸਮੇਤ) ਦੇ ਨਾਮ ਲਿਖੋ ਜੋ ਤੁਸੀਂ ਵੇਖੇ ਹਨ। ਹਰ ਇੱਕ ਦੀ ਇੱਕ ਵਿਸ਼ੇਸ਼ਤਾ ਵੀ ਲਿਖੋ।

| ਜਾਨਵਰ ਦਾ ਨਾਮ | ਵਿਸ਼ੇਸ਼ਤਾ |
|---|---|
| ਹਾਥੀ | ਲੰਮੀ ਸੁੰਡ ਨਾਲ਼ ਖਾਣਾ ਖਾ ਅਤੇ ਪਾਣੀ ਲੈਂਦਾ ਹੈ |
| ਚਿੜੀ | ਬੀਜ ਤੋੜਣ ਲਈ ਛੋਟੀ ਤੇ ਮਜ਼ਬੂਤ ਚੁੰਝ |
| | |
| | |
| | |

ਭਾਰਤੀ ਵੱਡ-ਆਕਾਰੀ ਕਾਟੋ ਇੱਕ ਵੱਡੀ, ਲਾਲ ਰੰਗ ਦੀ ਕਾਟੋ ਹੈ ਜੋ ਪਚਮੜੀ ਅਤੇ ਕੁਝ ਹੋਰ ਥਾਵਾਂ 'ਤੇ ਮਿਲਦੀ ਹੈ।





## ਲਿਖੋ

ਇਸ ਦੀਆਂ ਵਿਸ਼ੇਸ਼ਤਾਵਾਂ ਦੀ ਤੁਲਨਾ ਆਪਣੀ ਇਲਾਕੇ ਵਿੱਚ ਵੇਖੀ ਜਾਣ ਵਾਲ਼ੀਆਂ ਕਾਟੋਆਂ ਨਾਲ਼ ਕਰੋ।


© NCERT not to be republished

**ਕੀ ਤੁਹਾਨੂੰ ਪਤਾ ਹੈ?**

ਚਸ਼ਮੇ ਵਾਲ਼ਾ ਬਾਂਦਰ (ਸਪੈਕਟੇਕਲਡ ਬਾਂਦਰ) ਤ੍ਰਿਪੁਰਾ ਦਾ ਰਾਜ ਜਾਨਵਰ ਹੈ। ਇਸ ਦੀਆਂ ਅੱਖਾਂ ਦੇ ਆਲ਼ੇ-ਦੁਆਲ਼ੇ ਸਫ਼ੈਦ ਧੱਬੇ ਹੁੰਦੇ ਹਨ, ਜੋ ਇਸ ਨੂੰ ਐਨਕ ਲਗਾਈ ਹੋਈ ਵਰਗਾ ਦਿਖਾਉਂਦੇ ਹਨ।



ਜੀਪਾਂ ਦਾ ਅਗਲਾ ਪੜਾਅ ਇੱਕ ਤਲਾਬ ਦੇ ਨੇੜੇ ਸੀ, ਜਿੱਥੇ ਵਿਦਿਆਰਥੀ ਹੋਰ ਜਾਨਵਰਾਂ ਨੂੰ ਦੇਖ ਕੇ ਬਹੁਤ ਉਤਸ਼ਾਹਿਤ ਹੋਏ।



© NCERT not to be republished



ਜੰਗਲ਼ੀ ਸਾਨ੍ਹ (bison) ਨੂੰ ਦੇਖੋ! ਇਹ ਮੱਝਾਂ ਵਰਗੇ ਲੱਗਦੇ ਹਨ, ਪਰ ਇਹ ਹੋਰ ਵੀ ਤਾਕਤਵਰ ਹੁੰਦੇ ਹਨ ਅਤੇ ਇਹਨਾਂ ਦੇ ਸਿੰਗ ਛੋਟੇ ਹੁੰਦੇ ਹਨ।


**ਆਰੀਆ** : ਮੈਂ ਸੋਚਦਾ ਹਾਂ ਕਿ ਹੋਰ ਕਿਹੜੇ ਜਾਨਵਰ ਇੱਥੇ ਪਾਣੀ ਪੀਣ ਆਉਂਦੇ ਹੋਣਗੇ। ਚਿੱਕੜ ਵਿੱਚ ਇਹ ਪੈਰਾਂ ਦੇ ਨਿਸ਼ਾਨ ਵੇਖੋ। ਇਹ ਕਿਸ ਜਾਨਵਰ ਨੇ ਛੱਡੇ ਹੋਣਗੇ?

**ਸਾਰਥਕ** : ਹੂੰ....ਸ਼ਾਇਦ ਹਿਰਨ ਜਾਂ ਸ਼ੇਰ ਨੇ? ਜਾਂ ਖ਼ਰਗੋਸ਼ ਨੇ? ਮੈਂ ਉੱਥੇ ਹੀ ਇੱਕ ਖਰਗੋਸ਼ ਨੂੰ ਘਾਹ ਖਾਂਦਿਆਂ ਵੇਖ ਰਿਹਾਂ।




**ਅਧਿਆਪਕ ਲਈ ਨੋਟ**
ਵਿਦਿਆਰਥੀਆਂ ਨਾਲ਼ ਉਹਨਾਂ ਜਾਨਵਰਾਂ ਤੇ ਪੰਛੀਆਂ ਦੇ ਵਖਰੇਵਿਆਂ ਬਾਰੇ ਚਰਚਾ ਕਰੋ ਜੋ ਇੱਕੋ ਜਿਹੇ ਲੱਗਦੇ ਹਨ, ਜਿਵੇਂ ਕਬੂਤਰ ਅਤੇ ਘੁੱਗੀ, ਮਗਰਮੱਛ ਅਤੇ ਘੜਿਆਲ ਤੇ ਹੋਰ।

© NCERT not to be republished



## ਗਤੀਵਿਧੀ 2

1. ਪੈਰਾਂ ਦੇ ਨਿਸ਼ਾਨਾਂ ਨੂੰ ਧਿਆਨ ਨਾਲ਼ ਦੇਖੋ ਅਤੇ ਅੰਦਾਜ਼ਾ ਲਗਾਓ ਕਿ ਕਿਹੜੇ ਜਾਨਵਰ ਤਲਾਬ ‘ਤੇ ਪਾਣੀ ਪੀਣ ਆਏ ਹੋਣਗੇ।



2. ਕਿਸੇ ਵੀ ਜਾਨਵਰ ਦੇ ਪੈਰਾਂ ਦੇ ਨਿਸ਼ਾਨ ਧਿਆਨ ਨਾਲ਼ ਵੇਖੋ ਅਤੇ ਦਿੱਤੀ ਗਈ ਥਾਂ ‘ਤੇ ਉਸ ਦੀ ਤਸਵੀਰ ਬਣਾਓ।

ਸਾਰਥਕ ਇੱਕ ਪੰਛੀ ਬਾਰੇ ਜਾਣਨਾ ਚਾਹੁੰਦਾ ਸੀ। ਉਸ ਦੀ ਲੰਮੀ ਪੂਛ ਅਤੇ ਵੱਡੀ ਮੁੜੀ ਚੁੰਝ ਸੀ, ਜੋ ਨੇੜਲੇ ਰੁੱਖ ‘ਤੇ ਬੈਠਾ ਸੀ।

© NCERT not to be republished









**ਆਭਾ** : ਇਹ ਹੋਰਨਬਿੱਲ ਹੈ। ਇਸ ਦੇ ਮੱਥੇ 'ਤੇ ਸਿੰਗ ਵਰਗਾ ਉਭਾਰ ਹੁੰਦਾ ਹੈ, ਇਸ ਲਈ ਇਸ ਨੂੰ ਹੋਰਨਬਿੱਲ ਕਿਹਾ ਜਾਂਦਾ ਹੈ। ਕੁਝ ਪੰਛੀ; ਜਿਵੇਂ ਮੋਰ, ਰੰਗ-ਬਿਰੰਗੇ ਹੁੰਦੇ ਹਨ; ਜਦਕਿ ਹੋਰ; ਜਿਵੇਂ ਉੱਲੂ ਦੀਆਂ ਅੱਖਾਂ ਬਹੁਤ ਤੇਜ਼ ਹੁੰਦੀਆਂ ਹਨ ਜੋ ਉਹਨਾਂ ਨੂੰ ਰਾਤ ਵਿੱਚ ਵੇਖਣ ਵਿੱਚ ਮਦਦ ਕਰਦੀਆਂ ਹਨ।

© NCERT not to be republished

## ਲਿਖੋ

ਹੇਠਾਂ ਵਿਖਾਈ ਦੇ ਰਹੇ ਪੰਛੀਆਂ ਦੇ ਨਾਮ ਲਿਖੋ

 ____________  ____________

 ____________  ____________





## ਗਤੀਵਿਧੀ 3



ਵੱਖ-ਵੱਖ ਭੋਜਨ ਪਦਾਰਥ ਜਿਵੇਂ ਅਨਾਜ, ਬੈਰੀਆਂ, ਫਲ਼, ਸੁੱਕੇ ਮੇਵੇ ਆਦਿ ਇੱਕ ਪਲੇਟ ਵਿੱਚ ਰੱਖੋ। ਇਹਨਾਂ ਖਾਧ-ਪਦਾਰਥਾਂ ਨੂੰ ਚਮਚ, ਟੂੱਥਪਿਕ,ਦੋ ਡੰਡੀਆਂ (sticks) ਦੀ ਜੋੜੀ ਨਾਲ਼ ਚੁੱਕਣ ਦੀ ਕੋਸ਼ਿਸ਼ ਕਰੋ। ਹੇਠਾਂ ਦਿੱਤੇ ਖਾਨੇ ਵਿੱਚ ਹਰ ਖਾਧ-ਪਦਾਰਥ ਨੂੰ ਚੁੱਕਣ ਲਈ ਵਰਤੇ ਗਏ ਉਚਿਤ ਸਾਧਨਾਂ ਦੇ ਨਾਮ ਲਿਖੋ ।

| ਭੋਜਨ ਪਦਾਰਥ | ਉਚਿਤ ਸਾਧਨ |
|---|---|
| ਅਨਾਜ | |
| ਬੈਰੀਆਂ | |
| ਸੁੱਕੇ ਮੇਵੇ | |
| ਫਲਾਂ ਦੇ ਟੁਕੜੇ | |

ਇਹ ਜਾਣਨਾ ਦਿਲਚਸਪ ਹੈ ਕਿ ਪੰਛੀਆਂ ਦੀਆਂ ਚੁੰਝਾਂ ਅਤੇ ਪੰਜੇ ਹੁੰਦੇ ਹਨ ਜੋ ਉਹਨਾਂ ਨੂੰ ਖਾਣ ਅਤੇ ਹੋਰ ਗਤੀਵਿਧੀਆਂ ਕਰਨ ਵਿੱਚ ਮਦਦ ਕਰਦੇ ਹਨ। ਬਾਜ਼ ਦੀ ਤਿੱਖੀ ਤੇ ਮੁੜੀ ਹੋਈ ਚੁੰਝ ਅਤੇ ਤਿੱਖੇ ਪੰਜੇ ਹੁੰਦੇ ਹਨ, ਜਿਨ੍ਹਾਂ ਨਾਲ਼ ਉਹ ਆਪਣਾ ਸ਼ਿਕਾਰ ਫੜਦਾ ਹੈ; ਜਦਕਿ ਸ਼ੱਕਰਖੋਰੇ (Sunbird) ਦੀ ਚੁੰਝ ਲੰਮੀ ਹੁੰਦੀ ਹੈ, ਜਿਸ ਨਾਲ਼ ਉਹ ਫੁੱਲਾਂ ਵਿੱਚੋਂ ਰਸ ਪੀਂਦਾ ਹੈ। ਅਸੀਂ ਕਿਸੇ ਵੀ ਪੰਛੀ ਦੀ ਚੁੰਝ ਅਤੇ ਪੰਜਿਆਂ ਨੂੰ ਵੇਖ ਕੇ ਉਸ ਦੀਆਂ ਖਾਣ ਦੀਆਂ ਆਦਤਾਂ ਬਾਰੇ ਅੰਦਾਜ਼ਾ ਲਗਾ ਸਕਦੇ ਹਾਂ।

**ਅਧਿਆਪਕ ਲਈ ਨੋਟ**

ਤੁਸੀਂ ਸਥਾਨਕ ਤੌਰ 'ਤੇ ਉਪਲਬਧ ਖਾਧ-ਪਦਾਰਥ ਅਤੇ ਸਾਧਨਾਂ ਨੂੰ ਪੰਛੀਆਂ ਦੀਆਂ ਵੱਖ-ਵੱਖ ਕਿਸਮਾਂ ਦੀਆਂ ਚੁੰਝਾਂ ਦੇ ਆਕਾਰਾਂ ਨਾਲ਼ ਜੋੜ ਕੇ ਦੇਖ ਸਕਦੇ ਹੋ। ਉਦਾਹਰਨ ਵਜੋਂ; ਚਿਮਟਾ ਜਾਂ ਪਲਾਸ ਚਿੜੀਆਂ ਦੀ ਚੁੰਝ ਵਰਗਾ ਲੱਗਦਾ ਹੈ।





© NCERT not to be republished







ਵੱਖ-ਵੱਖ ਪੰਛੀਆਂ ਦੀਆਂ ਵੱਖ-ਵੱਖ ਚੁੰਝਾਂ, ਪੰਜੇ ਅਤੇ ਖਾਣ-ਪੀਣ ਦੀਆਂ ਆਦਤਾਂ ਵੱਖਰੀਆਂ-ਵੱਖਰੀਆਂ ਹੁੰਦੀਆਂ ਹਨ।



© NCERT
not to be republished



ਗਤੀਵਿਧੀ 4

## 1. ਪੰਛੀ ਡਾਇਰੀ

(ੳ) ਕਿਸੇ ਦਰਖ਼ਤ ਦੇ ਨੇੜੇ ਜਾਓ।

(ਅ) ਆਪਣੀਆਂ ਅੱਖਾਂ ਬੰਦ ਕਰੋ ਅਤੇ ਵੱਖ-ਵੱਖ ਪੰਛੀਆਂ ਦੀਆਂ ਅਵਾਜ਼ਾਂ ਸੁਣੋ।

(ੲ) ਹੁਣ ਅੱਖਾਂ ਖੋਲ੍ਹੋ ਅਤੇ ਇੱਕ ਵਾਰ ਵਿੱਚ ਇੱਕ ਪੰਛੀ ‘ਤੇ ਧਿਆਨ ਕੇਂਦਰਿਤ ਕਰੋ।

(ਸ) ਧਿਆਨ ਨਾਲ਼ ਦੇਖੋ ਕਿ ਉਹ ਕਿਵੇਂ ਹਿੱਲਦਾ ਹੈ, ਕੀ ਖਾਂਦਾ ਹੈ ਅਤੇ ਕਿੱਥੇ ਬੈਠਦਾ ਹੈ।

(ਹ) ਆਪਣੇ ਨਿਰੀਖਣਾਂ ਨੂੰ **ਪੰਛੀ ਡਾਇਰੀ** ਵਿੱਚ ਲਿਖੋ!

ਹਰ ਪੰਛੀ ਲਈ ਹੇਠ ਲਿਖੀਆਂ ਗੱਲਾਂ ਦਰਜ ਕਰੋ

ਨਾਮ ______________________ ਤਾਰੀਖ਼ ______________

### ਮੇਰੀ ਪੰਛੀ ਡਾਇਰੀ



**ਦਿਲਚਸਪ ਤੱਥ**

______________________

______________________

______________________

______________________

**ਦਿੱਖ**

**ਸਿਰ ਦਾ ਰੰਗ:** ______________

**ਪਿੱਠ ਦਾ ਰੰਗ:** ______________


**ਖੰਭਾਂ ਦਾ ਰੰਗ:** ______________


**ਚੁੰਝ ਦਾ ਆਕਾਰ:** ______________

**ਗਲੇ ਦਾ ਰੰਗ:** ______________

**ਲੱਤਾਂ ਦਾ ਰੰਗ:** ______________

© NCERT not to be republished





2. ਉਹਨਾਂ ਜਾਨਵਰਾਂ ਦੀ ਸੂਚੀ ਬਣਾਓ ਜੋ ਪਾਣੀ ਦੇ ਸਰੋਤਾਂ ਵਿੱਚ ਅਤੇ ਉਹਨਾਂ ਦੇ ਆਲ਼ੇ-ਦੁਆਲ਼ੇ ਰਹਿੰਦੇ ਹਨ। ਹੇਠਾਂ ਦਿੱਤੀ ਸਾਰਨੀ ਪੂਰੀ ਕਰੋ।

| ਜਾਨਵਰ ਦਾ ਨਾਮ | ਹਰਕਤਾਂ |
|---|---|
| ਮੱਛੀ | ਤੈਰਦੀ ਹੈ |
| ਕੇਕੜਾ | ਤੁਰਦਾ ਹੈ |
| ਡੱਡੂ | ਕੁੱਦਦਾ ਹੈ |
| ਕੱਛੂ-ਕੁੰਮਾ | |
| ਮਗਰਮੱਛ | |
| ਸੱਪ | |
| | |
| | |
| | |

© NCERT not to be republished

ਪਾਣੀ ਵਿੱਚ ਰਹਿਣ ਵਾਲ਼ੇ ਜਾਨਵਰਾਂ ਵਿੱਚ ਖ਼ਾਸ ਗੁਣ ਹੁੰਦੇ ਹਨ ਜੋ ਉਹਨਾਂ ਨੂੰ ਜੀਵਤ ਰਹਿਣ ਵਿੱਚ ਮਦਦ ਕਰਦੇ ਹਨ। ਮੱਛੀਆਂ ਕੋਲ਼ ਤੈਰਨ ਲਈ ਖੰਭ ਹੁੰਦੇ ਹਨ। ਘੜਿਆਲ, ਜੋ ਮਗਰਮੱਛ ਦੀ ਇੱਕ ਕਿਸਮ ਹੈ, ਦਾ ਲੰਮਾ, ਪਤਲਾ ਅਤੇ ਨੁਕੀਲਾ ਮੂੰਹ ਹੁੰਦਾ ਹੈ ਜੋ ਮੱਛੀ ਫੜਨ ਲਈ ਵਰਤਿਆ ਜਾਂਦਾ ਹੈ। ਕੱਛੂਆਂ ਦੇ ਮਜ਼ਬੂਤ ਖੋਲ੍ਹ ਉਹਨਾਂ ਨੂੰ ਸੁਰੱਖਿਅਤ ਰੱਖਦੇ ਹਨ ਅਤੇ ਜਾਲ਼ੀਦਾਰ ਪੈਰ ਉਹਨਾਂ ਨੂੰ ਅਸਾਨੀ ਨਾਲ਼ ਤੈਰਨ ਵਿੱਚ ਮਦਦ ਕਰਦੇ ਹਨ। ਡੱਡੂ ਜ਼ਮੀਨ ‘ਤੇ ਵੀ ਅਤੇ ਪਾਣੀ ਵਿੱਚ ਵੀ ਰਹਿ ਸਕਦੇ ਹਨ।



## ਛੋਟੇ ਜਾਨਵਰ

ਇੱਕ ਟਿੱਡੀ ਅਚਾਨਕ ਘਾਹ ਵਿਚੋਂ ਕੁੱਦ ਕੇ ਬਾਹਰ ਆਈ। ਸਾਰੇ ਹੈਰਾਨ ਰਹਿ ਗਏ।

**ਆਰਿਆ:** ਇਹ ਇੱਕ ਕੀੜਾ ਹੈ। ਇਸ ਦੀਆਂ ਤਿੰਨ ਜੋੜੀ ਟੰਗਾਂ ਹੁੰਦੀਆਂ ਹਨ ਅਤੇ ਇੱਕ ਜੋੜਾ ਐਨਟੀਨੇ ਦਾ ਹੁੰਦਾ ਹੈ ਜੋ ਆਪਣੇ ਆਲ਼ੇ-ਦੁਆਲ਼ੇ ਨੂੰ ਮਹਿਸੂਸ ਕਰਨ ਲਈ ਵਰਤਦਾ ਹੈ। ਕੀੜਿਆਂ ਕੋਲ਼ ਕਈ ਵਾਰ ਦੋ ਜੋੜੇ ਖੰਭ ਵੀ ਹੁੰਦੇ ਹਨ, ਜਿਵੇਂ ਕਿ ਮੱਖੀਆਂ, ਟਿੱਡੀਆਂ ਆਦਿ ਵਿੱਚ।

**ਆਭਾ :** ਟਿੱਡੀ ਵਾਂਗ, ਤੁਹਾਨੂੰ ਜੰਗਲ਼ ਵਿੱਚ ਬਹੁਤ ਸਾਰੇ ਕੀੜੇ ਮਿਲ਼ਣਗੇ, ਜਿਵੇਂ ਕਿ ਕੀੜੀਆਂ, ਬੀਟਲ, ਸ਼ਹਿਦ ਦੀਆਂ ਮੱਖੀਆਂ, ਮੱਖੀਆਂ, ਕੀੜੇ ਖਾਣਾ ਟਿੱਡਾ (praying mantises), ਤਿਤਲੀਆਂ ਆਦਿ।




### ਲਿਖੋ

1. ਤੁਹਾਨੂੰ ਆਪਣੇ ਘਰ ਅਤੇ ਆਲ਼ੇ-ਦੁਆਲ਼ੇ ਕਿਹੜੇ-ਕਿਹੜੇ ਕੀੜੇ ਮਿਲਦੇ ਹਨ?

---

2. ਹੇਠਾਂ ਦਿੱਤੇ ਹੋਏ  ਕੀੜਿਆਂ ਦੇ ਨਾਮ ਲਿਖੋ:





(a) (b) (c) (d)


---

(e) (f) (g)

---

© NCERT not to be republished





ਜੰਗਲ਼ ਵਿੱਚ ਜਾਨਵਰਾਂ ਦੀ ਸ਼ਾਨਦਾਰ ਵਿਭਿੰਨਤਾ ਹੈ, ਹਰ ਇੱਕ ਦੇ ਆਪਣੇ ਵਿਲੱਖਣ ਗੁਣ ਹੁੰਦੇ ਹਨ।

## ਗਤੀਵਿਧੀ 5

1. ਪ੍ਰਕਿਰਤੀ ਦੀ ਸੈਰ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਬੂਟਿਆਂ ਤੋਂ ਪੱਤੇ ਇਕੱਠੇ ਕੀਤੇ। ਹੇਠਾਂ ਦਿੱਤੀਆਂ ਪੱਤਿਆਂ ਦੀਆਂ ਤਸਵੀਰਾਂ ਦੇ ਆਧਾਰ 'ਤੇ ਉਹਨਾਂ ਦੀ ਪਹਿਚਾਣ ਕਰਨ ਵਿੱਚ ਮਦਦ ਕਰੋ।




(ੳ) ____________




(ਅ) ____________




(ੲ) ____________




(ਸ) ____________



(ਹ) ____________



(ਕ) ____________




(ਖ) ____________

2. ਆਪਣੇ ਗੁਆਂਢ ਵਿੱਚ ਵੱਖ-ਵੱਖ ਬੂਟਿਆਂ ਦੇ ਪੱਤਿਆਂ ਨੂੰ ਧਿਆਨ ਨਾਲ਼ ਵੇਖੋ ਅਤੇ ਹੇਠਾਂ ਦਿੱਤੀ ਸਾਰਨੀ ਨੂੰ ਭਰੋ।

| ਪੱਤੇ ਦੀ ਤਸਵੀਰ ਬਣਾਓ ਅਤੇ ਨਾਮ ਲਿਖੋ | ਰੰਗ | ਆਕਾਰ | ਬਣਾਵਟ (Texture) | ਕੋਈ ਹੋਰ ਟਿੱਪਣੀ |
|---|---|---|---|---|
|  ਨਿੰਬੂ | ਹਰਾ | ਅੰਡਾਕਾਰ | ਚੀਕਣਾ | ਤਿੱਖੀ ਸੁਗੰਧ |


© NCERT not to be republished



| ਪੱਤੇ ਦੀ ਤਸਵੀਰ ਬਣਾਓ ਅਤੇ ਨਾਮ ਲਿਖੋ | ਰੰਗ | ਆਕਾਰ | ਬਣਾਵਟ (Texture) | ਕੋਈ ਹੋਰ ਟਿੱਪਣੀ |
|---|---|---|---|---|
| | | | | |
| | | | | |
| | | | | |
| | | | | |

© NCERT not to be republished


ਵੱਖ-ਵੱਖ ਰੰਗਾਂ, ਬਣਾਵਟਾਂ ਅਤੇ ਆਕਾਰਾਂ ਤੋਂ ਇਲਾਵਾ, ਕੀ ਤੁਸੀਂ ਇਹ ਵੀ ਦੇਖਿਆ ਹੈ ਕਿ ਪੱਤਿਆਂ 'ਤੇ ਵੱਖ-ਵੱਖ ਕਿਸਮ ਦੀਆਂ ਲਕੀਰਾਂ ਹੁੰਦੀਆਂ ਹਨ? ਇਹਨਾਂ ਲਕੀਰਾਂ ਨੂੰ ਨਾੜੀਆਂ ਕਿਹਾ ਜਾਂਦਾ ਹੈ। ਹੇਠਾਂ ਦਿੱਤੀਆਂ ਤਸਵੀਰਾਂ ਵਿੱਚ ਪੱਤਿਆਂ ਦੀਆਂ ਨਾੜੀਆਂ ਦੇ ਦੋ ਵੱਖ-ਵੱਖ ਪ੍ਰਬੰਧ ਦਰਸਾਏ ਗਏ ਹਨ।



ਗਤੀਵਿਧੀ 6


## ਪੱਤੇ ਦਾ ਆਟੋਗ੍ਰਾਫ਼


ਕਿਸੇ ਪੱਤੇ ਨੂੰ ਕਾਪੀ 'ਤੇ ਰੱਖੋ, ਇਸ ਤਰ੍ਹਾਂ ਕਿ ਉਸ ਦਾ ਉਭਰਿਆ ਹੋਇਆ ਨਸਾਂ ਵਾਲ਼ਾ ਪਾਸਾ ਉੱਪਰ ਹੋਵੇ। ਉਸ ਦੇ ਉੱਪਰ ਸਾਫ਼ ਕਾਗਜ਼ ਦੀ ਇੱਕ ਪਰਚੀ ਰੱਖੋ। ਹੁਣ ਕ੍ਰੇਆਨ ਕਾਗਜ਼ 'ਤੇ ਰਗੜੋ ਅਤੇ ਵੇਖੋ ਕਿ ਕਿਵੇਂ ਪੱਤੇ ਦਾ ਆਕਾਰ ਜਾਦੂ ਵਾਂਗ ਸਾਹਮਣੇ ਆ ਜਾਂਦਾ ਹੈ! ਇਹ ਕਿਰਿਆ ਵੱਖ-ਵੱਖ ਪੱਤਿਆਂ ਨਾਲ਼ ਕਰੋ ਅਤੇ ਦੇਖੋ ਕਿ ਹਰ ਪੱਤੇ ਦਾ ਆਪਣਾ ਵਿਲੱਖਣ ਡਿਜ਼ਾਈਨ ਹੁੰਦਾ ਹੈ। ਅੰਤ ਵਿੱਚ, ਉਸ ਬੂਟੇ ਜਾਂ ਰੁੱਖ ਦਾ ਨਾਮ ਲਿਖੋ, ਜਿਸ ਦਾ ਪੱਤਾ ਹੈ।



## ਆਓ 'ਜੀਵਨ ਦਾ ਜਾਲ਼' ਖੇਡ ਖੇਡੀਏ

ਕੀ ਤੁਸੀਂ ਕਦੇ ਸੋਚਿਆ ਹੈ ਕਿ ਸਾਰੇ ਜੀਵ ਇਕ-ਦੂਜੇ ਨਾਲ਼ ਕਿਵੇਂ ਜੁੜੇ ਹੋਏ ਹਨ? ਆਓ, ਇਸ ਖੇਡ ਰਾਹੀਂ ਪਤਾ ਕਰੀਏ! ਤੁਸੀਂ ਸਿਰਫ਼ ਇਹ ਕਲਪਨਾ ਕਰਨੀ ਹੈ ਕਿ ਤੁਸੀਂ ਕੁਦਰਤ ਦਾ ਇੱਕ ਹਿੱਸਾ ਹੋ—ਸ਼ਾਇਦ ਕੋਈ ਰੁੱਖ, ਕੋਈ ਪੰਛੀ ਜਾਂ ਫਿਰ ਸੂਰਜ।






**ਅਧਿਆਪਕ ਲਈ ਨੋਟ**


ਵਿਦਿਆਰਥੀਆਂ ਨੂੰ ਸਮਝਾਉਣ ਅਤੇ ਚਰਚਾ ਕਰਨ ਵਿੱਚ ਮਦਦ ਕਰੋ ਕਿ ਉਹ ਖੇਡ ਵਿੱਚ ਕਿਹੜਾ ਭੂਮਿਕਾ ਨਿਭਾ ਰਹੇ ਹਨ। ਉਹਨਾਂ ਨੂੰ ਇਹ ਵੀ ਸਮਝਾਉ ਕਿ ਕੁਦਰਤ ਵਿੱਚ ਸਾਰੇ ਜੀਵ–ਜੰਤੂ ਅਤੇ ਤੱਤ ਆਪਸ ਵਿੱਚ ਕਿਵੇਂ ਜੁੜੇ ਹੋਏ ਹਨ ਅਤੇ ਇਕ–ਦੂਜੇ ‘ਤੇ ਨਿਰਭਰ ਕਰਦੇ ਹਨ।

© NCERT not to be republished



**ਖੇਡ ਕਿਵੇਂ ਖੇਡਣੀ ਹੈ?**

1. ਹਰ ਖਿਡਾਰੀ ਨੂੰ ਇੱਕ ਕਾਰਡ ਮਿਲੇਗਾ ਜਿਸ ‘ਤੇ ਕਿਸੇ ਬੂਟੇ, ਜਾਨਵਰ ਜਾਂ ਕੁਦਰਤੀ ਤੱਤ ਦਾ ਨਾਮ ਹੋਵੇਗਾ।
2. ਇੱਕ ਖਿਡਾਰੀ ਧਾਗੇ ਦੀ ਇੱਕ ਗੇਂਦ ਫੜ ਕੇ ਸ਼ੁਰੂਆਤ ਕਰਦਾ ਹੈ ਅਤੇ ਦੂਜੇ ਖਿਡਾਰੀ ਨਾਲ਼ ਆਪਣੇ ਸੰਬੰਧ ਬਾਰੇ ਸੋਚਦਾ ਹੈ, ਜਿਨ੍ਹਾਂ ਕੋਲ਼ ਸਮਾਨ ਪੱਤਿਆਂ ਦਾ ਕਾਰਡ ਹੈ।
3. ਉਦਾਹਰਨ ਲਈ, ਇੱਕ ਰੁੱਖ ਪੰਛੀ ਨੂੰ ਖਾਣਾ ਦਿੰਦਾ ਹੈ ਜਾਂ ਇੱਕ ਦਰਿਆ ਮੱਛੀ ਨੂੰ ਸਹਾਰਾ ਦਿੰਦਾ ਹੈ। ਇਸ ਤਰ੍ਹਾਂ ਧਾਗਾ ਅਗਲੇ ਖਿਡਾਰੀ ਨੂੰ ਦੇ ਦਿੱਤਾ ਜਾਂਦਾ ਹੈ, ਪਰ ਪਹਿਲਾ ਖਿਡਾਰੀ ਆਪਣਾ ਧਾਗਾ ਫੜ ਕੇ ਰੱਖਦਾ ਹੈ।
4. ਜਿਵੇਂ–ਜਿਵੇਂ ਹੋਰ ਸੰਬੰਧ ਬਣਦੇ ਜਾਂਦੇ ਹਨ, ਜਾਲ਼ ਵੱਡਾ ਹੁੰਦਾ ਜਾਂਦਾ ਹੈ।
5. ਹੁਣ ਸੋਚੋ ਜੇ ਜਾਲ਼ ਦਾ ਇੱਕ ਹਿੱਸਾ ਗਾਇਬ ਹੋ ਜਾਵੇ ਤਾਂ ਕੀ ਹੋਵੇਗਾ? ਉਦਾਹਰਨ ਲਈ, ਸ਼ੇਰ ਲਈ ਹਿਰਨ ਨਾ ਹੋਵੇ ਜਾਂ ਜਾਨਵਰਾਂ ਲਈ ਬੂਟੇ ਨਾ ਹੋਣ।
6. ਧਿਆਨ ਦਿਓ ਕਿ ਜਾਲ਼ ਕਿਵੇਂ ਕਮਜ਼ੋਰ ਹੁੰਦਾ ਜਾਂ ਢਹਿ ਜਾਂਦਾ ਹੈ। ਇਹ ਦਿਖਾਉਂਦਾ ਹੈ ਕਿ ਕੁਦਰਤ ਵਿੱਚ ਹਰ ਚੀਜ਼ ਆਪਸ ਵਿੱਚ ਕਿਵੇਂ ਜੁੜੀ ਹੋਈ ਹੈ!



## ਆਓ ਵਿਚਾਰੀਏ

1. ਤੁਸੀਂ ਕਿਹੜਾ ਜਾਨਵਰ ਬਣਨਾ ਪਸੰਦ ਕਰੋਗੇ? ਉਹ ਤੁਹਾਨੂੰ ਕਿਹੜੀਆਂ ਖ਼ਾਸ ਖੂਬੀਆਂ ਪ੍ਰਦਾਨ ਕਰੇਗਾ ?

2. ਤੁਹਾਡੇ ਅਨੁਸਾਰ ਵੱਖ–ਵੱਖ ਬੂਟੇ ਅਤੇ ਜਾਨਵਰ ਇੱਕ–ਦੂਜੇ ‘ਤੇ ਕਿਵੇਂ ਨਿਰਭਰ ਹੁੰਦੇ ਹਨ?

3. ਇੱਕ ਪ੍ਰਕਿਰਤੀ ਵਿਗਿਆਨੀ ਦੀ ਕੀ ਭੂਮਿਕਾ ਹੁੰਦੀ ਹੈ?

4. ਪਹੇਲੀ ਹੱਲ ਕਰੋ।

**ਜੰਗਲ਼ ਵਿਚਲੇ ਖ਼ਜ਼ਾਨੇ ਲੱਭੋ।**

| | | | | | | | | | | |
|---|---|---|---|---|---|---|---|---|---|---|
| ਉ | ਸ | ਚੀ | ਤਾ | ਗ | ਭ | ਝੀ | ਮਿ | ਲੀ | ਝ | ਝੀ |
| ਇੱ | ਖ਼ | ਘ | ਚ | ਠੇ | ਬੌ | ਹ | ੜ | ਘ | ਗ਼ | ਹ |
| ਕ | ਰ | ਕੀ | ਜ | ਟੀ | ਪ | ਬਾਂ | ਸ | ਮੱ | ਹ | ਬਾਂ |
| ਦੂ | ਗੋ | ੜੀ | ਛ | ਡੀ | ਫ | ਦ | ਛ | ਖੀ | ਜ | ਫ |
| ਣੂ | ਮ | ਤ | ਹਾ | ਥੀ | ਲ | ਰ | ਟ | ਧ | ਡ | ਦ |
| ੜ | ਗਿੱ | ਥ | ਬਾ | ਢ | ਬ | ਫ | ਹਿ | ਰ | ਨ | ਛ |
| ਵ | ਦ | ਨ | ਰਾਂ | ਬ | ਦੈ | ਡਿ | ਪ | ਬ | ਥੌ | ਹ |
| ਸ਼ | ੜ | ਗ਼ | ਸਿੰ | ਦੀ | ਸੱ | ਪ | ਦ | ਮੋ | ਧ | ਨ |
| ਤੋ | ਲ਼ | ਜ਼ | ਗਾ | ਫੂ | ਲ਼ | ਮ | ਨ | ਰ | ਯ | ਸਿੰ |
| ਕਾ | ਟੋ | ਭ | ਠ | ਫ਼ | ਥੈ | ਕ | ਬੂ | ਤ | ਰ | ਬਾ |

5. **ਚੁਣੌਤੀ ਸਵੀਕਾਰ ਕਰੋ**

ਆਪਣੇ ਪਰਿਵਾਰ ਜਾਂ ਦੋਸਤਾਂ ਨਾਲ਼ ਨੇੜਲੇ ਪਾਰਕ ਵਿੱਚ ਪ੍ਰਕਿਰਤੀ ਦੀ ਸੈਰ ਦੀ ਯੋਜਨਾ ਬਣਾਓ। ਆਪਣੇ ਆਪ ਨੂੰ ਇੱਕ ਮਾਰਗ-ਦਰਸ਼ਕ ਵਜੋਂ ਤਿਆਰ ਕਰਨ ਲਈ ਕੁਝ ਬੂਟੇ ਅਤੇ ਜਾਨਵਰਾਂ ਨੂੰ ਪਛਾਣੋ ਅਤੇ ਉਹਨਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਦਿਲਚਸਪ ਤੱਥਾਂ ਦਾ ਅਧਿਐਨ ਕਰੋ ਲਈ ਜੋ ਤੁਸੀਂ ਸੈਰ ਦੌਰਾਨ ਸਮਝਾ ਸਕਦੇ ਹੋ।


© NCERT not to be republished



6. **ਇੱਕ ਗਤੀਵਿਧੀ ਕਰੋ**

ਭੂਮਿਕਾ-ਨਿਭਾਉਣਾ (Role-play): ਆਪਣੇ  ਕਲਾਸਰੂਮ ਵਿੱਚ ਇੱਕ ਜੰਗਲ਼ ਦਾ ਦ੍ਰਿਸ਼ ਬਣਾਓ, ਜਿੱਥੇ ਵਿਦਿਆਰਥੀ ਬੂਟਿਆਂ, ਜਾਨਵਰਾਂ ਅਤੇ ਸੈਲਾਨੀਆ ਦੀਆਂ ਭੂਮਿਕਾਵਾਂ ਨਿਭਾ ਸਕਣ। ਨਾਟਕ ਕਰਦੇ ਸਮੇਂ ਇਸ ਗੱਲ ‘ਤੇ ਧਿਆਨ ਦਿਓ ਕਿ ਜਾਨਵਰਾਂ ਅਤੇ ਬੂਟਿਆਂ ਦੀ ਰੱਖਿਆ ਕਰਨ ਵਿੱਚ ਸਾਡੀ ਕੀ ਭੂਮਿਕਾ ਹੈ।

7. ਆਓ ਇੱਕ ਕਾਗਜ਼ ਦਾ ਕੱਛੂ ਬਣਾਈਏ! ਪੁਰਾਣਾ ਅਖ਼ਬਾਰ ਜਾਂ ਵਰਤਿਆ ਹੋਇਆ ਕਾਗਜ਼ ਲੈ ਕੇ ਕੱਛੂ ਦੀ ਸ਼ਕਲ ਬਣਾਉਣ ਦੀ ਕੋਸ਼ਿਸ਼ ਕਰੋ।




© NCERT
not to be republished

8. **ਪਤਾ ਲਗਾਓ**

ਆਪਣੇ ਰਾਜ ਦੇ ਰਾਜ- ਜਾਨਵਰ, ਰਾਜ-ਪੰਛੀ ਅਤੇ ਰਾਜ-ਦਰਖ਼ਤ ਦਾ ਨਾਮ ਲਿਖੋ।